ਮਿੱਠੇ ਬੱਚੇ:- ਰੋਜ ਸਾਗਰ ਮੰਥਨ ਕਰੋ ਤਾਂ ਖੁਸ਼ੀ ਦਾ ਪਾਰਾ ਚੜੇਗਾ , ਚਲਦੇ - ਫਿਰਦੇ ਯਾਦ ਰਹੇ ਕਿ ਅਸੀਂ ਸਵਦਰਸ਼ਨ ਚਕਰਧਾਰੀ ਹਾਂ "

ਪ੍ਰਸ਼ਨ:- ਆਪਣੀ ਉੱਨਤੀ ਕਰਨ ਦਾ ਸਹਿਜ ਸਾਧਨ ਕਿਹੜਾ ਹੈ?

ਉੱਤਰ:- ਆਪਣੀ ਉੱਨਤੀ ਕਰਨ ਲਈ ਰੋਜ ਪੋਤਾ ਮੇਲ ਰੱਖੋ। ਚੈਕ ਕਰੋ - ਅੱਜ ਸਾਰਾ ਦਿਨ ਕੋਈ ਆਸੁਰੀ ਕੰਮ ਤੇ ਨਹੀਂ ਕੀਤਾ? ਜਿਸ ਤਰ੍ਹਾਂ ਸਟੂਡੈਂਟਸ ਆਪਣਾ ਰਜਿਸਟਰ ਰੱਖਦੇ ਹਨ ਇਵੇਂ ਤੁਸੀਂ ਬੱਚੇ ਵੀ ਦੈਵੀ ਗੁਣ ਦਾ ਰਜਿਸਟਰ ਰੱਖੋ ਤਾਂ ਉੱਨਤੀ ਹੁੰਦੀ ਰਹੇਗੀ।

ਗੀਤ:- ਦੂਰ ਦੇਸ਼ ਦਾ ਰਹਿਣ ਵਾਲਾ

ਓਮ ਸ਼ਾਂਤੀ। ਬੱਚੇ ਜਾਣਦੇ ਹਨ ਦੂਰ ਦੇਸ਼ ਕਿਸ ਨੂੰ ਕਿਹਾ ਜਾਂਦਾ ਹੈ। ਦੁਨੀਆਂ ਵਿੱਚ ਇੱਕ ਵੀ ਮਨੁੱਖ ਨਹੀਂ ਜਾਣਦਾ। ਭਾਵੇਂ ਕਿੰਨਾ ਵੀ ਵੱਡਾ ਵਿਦਵਾਨ ਹੋਵੇ, ਪੰਡਿਤ ਹੋਵੇ ਇਸ ਦਾ ਅਰਥ ਨਹੀਂ ਸਮਝਦੇ। ਤੁਸੀਂ ਬੱਚੇ ਸਮਝਦੇ ਹੋ। ਬਾਪ, ਜਿਸਨੂੰ ਸਭ ਮਨੁੱਖ ਮਾਤਰ ਯਾਦ ਕਰਦੇ ਹਨ ਕਿ ਹੇ ਭਗਵਾਨ... ਉਹ ਜਰੂਰ ਮੂਲ ਵਤਨ ਵਿੱਚ ਹੈ, ਹੋਰ ਕਿਸੇ ਨੂੰ ਵੀ ਇਹ ਪਤਾ ਨਹੀਂ ਹੈ। ਇਹ ਡਰਾਮੇ ਦੇ ਰਾਜ ਨੂੰ ਵੀ ਤੁਸੀਂ ਬੱਚੇ ਹੁਣ ਸਮਝਦੇ ਹੋ। ਸ਼ੁਰੂ ਤੋਂ ਲੈ ਕੇ ਹੁਣ ਤੱਕ ਜੋ ਵੀ ਹੋਇਆ ਹੈ, ਜੋ ਹੋਣ ਵਾਲਾ ਹੈ, ਸਭ ਬੁੱਧੀ ਵਿੱਚ ਹੈ। ਇਹ ਸ੍ਰਿਸ਼ਟੀ ਦਾ ਚੱਕਰ ਕਿਵੇਂ ਫਿਰਦਾ ਹੈ, ਉਹ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ ਨਾ। ਤੁਸੀਂ ਬੱਚੇ ਵੀ ਨੰਬਰ ਵਾਰ ਸਮਝਦੇ ਹੋ। ਵਿਚਾਰ ਸਾਗਰ ਮੰਥਨ ਨਹੀਂ ਕਰਦੇ ਹਨ ਤਾਂ ਖੁਸ਼ੀ ਦਾ ਪਾਰਾ ਵੀ ਨਹੀਂ ਚੜ੍ਹਦਾ ਹੈ। ਉੱਠਦੇ - ਬੈਠਦੇ ਬੁੱਧੀ ਵਿੱਚ ਰਹਿਣਾ ਚਾਹੀਦਾ ਕਿ ਅਸੀਂ ਸਵਦਰਸ਼ਨ ਚਕਰਧਾਰੀ ਹਾਂ। ਆਦਿ ਤੋਂ ਅੰਤ ਤੱਕ ਮੈਂ ਆਤਮਾ ਨੂੰ ਸਾਰੀ ਸ੍ਰਿਸ਼ਟੀ ਦੇ ਚੱਕਰ ਦਾ ਪਤਾ ਹੈ। ਭਾਵੇਂ ਤੁਸੀਂ ਇੱਥੇ ਬੈਠੇ ਹੋ, ਬੁੱਧੀ ਵਿੱਚ ਮੂਲਵਤਨ ਯਾਦ ਆਉਂਦਾ ਹੈ। ਉਹ ਹੈ ਸਵੀਟ ਸਾਈਲੈਂਸ ਹੋਮ, ਨਿਰਵਾਨ ਧਾਮ, ਸਾਈਲੈਂਸ ਧਾਮ, ਜਿੱਥੇ ਆਤਮਾਵਾਂ ਰਹਿੰਦੀਆਂ ਹਨ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਝੱਟ ਆ ਜਾਂਦਾ ਹੈ, ਹੋਰ ਕਿਸੇ ਨੂੰ ਪਤਾ ਨਹੀਂ। ਭਾਵੇਂ ਕਿੰਨੇ ਵੀ ਸ਼ਾਸਤਰ ਆਦਿ ਪੜ੍ਹਦੇ ਸੁਣਦੇ ਰਹਿਣ, ਫਾਇਦਾ ਕੁੱਝ ਵੀ ਨਹੀਂ। ਉਹ ਸਭ ਹਨ ਉਤਰਦੀ ਕਲਾ ਵਿੱਚ। ਤੁਸੀਂ ਹੁਣ ਪੜ੍ਹ ਰਹੇ ਹੋ। ਵਾਪਿਸ ਜਾਣ ਲਈ ਖ਼ੁਦ ਤਿਆਰੀ ਕਰ ਰਹੇ ਹੋ। ਇਹ ਪੁਰਾਣਾ ਕੱਪੜਾ ਛੱਡ ਸਾਨੂੰ ਘਰ ਜਾਣਾ ਹੈ। ਖੁਸ਼ੀ ਰਹਿੰਦੀ ਹੈ ਨਾ। ਘਰ ਜਾਣ ਦੇ ਲਈ ਅੱਧਾ ਕਲਪ ਭਗਤੀ ਕੀਤੀ ਹੈ। ਸੀੜੀ ਉੱਤਰਦੇ ਹੀ ਗਏ। ਹੁਣ ਬਾਬਾ ਸਾਨੂੰ ਸਹਿਜ ਸਮਝਾਉਂਦੇ ਹਨ। ਤੁਸੀਂ ਬੱਚਿਆਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। ਬਾਬਾ ਫੇਰ ਤੋਂ ਪੜ੍ਹਾ ਰਹੇ ਹਨ। ਇਹ ਖੁਸ਼ੀ ਰਹਿਣੀ ਚਾਹੀਦੀ ਹੈ। ਬਾਪ ਸਨਮੁੱਖ ਪੜ੍ਹਾ ਰਹੇ ਹਨ। ਬਾਬਾ ਜੋ ਸਭ ਦਾ ਬਾਪ ਹੈ, ਉਹ ਸਾਨੂੰ ਫਿਰ ਤੋਂ ਪੜ੍ਹਾ ਰਹੇ ਹਨ। ਅਨੇਕ ਵਾਰ ਪੜ੍ਹਾਇਆ ਹੈ। ਜਦੋ ਤੁਸੀਂ ਚੱਕਰ ਲੱਗਾ ਕੇ ਪੂਰਾ ਕਰਦੇ ਹੋ ਤਾਂ ਫਿਰ ਬਾਪ ਆਉਂਦੇ ਹਨ। ਇਸ ਸਮੇਂ ਤੁਸੀਂ ਹੋ ਸਵਦਰ੍ਸ਼ਨ ਚੱਕਰਧਾਰੀ। ਤੁਸੀਂ ਵਿਸ਼ਨੂੰ ਪੂਰੀ ਦੇ ਦੇਵਤਾ ਬਣਨ ਲਈ ਪੁਰਸ਼ਾਰਥ ਕਰ ਰਹੇ ਹੋ। ਦੁਨੀਆਂ ਵਿੱਚ ਹੋਰ ਕੋਈ ਵੀ ਇਹ ਨਾਲੇਜ਼ ਦੇ ਨਾ ਸਕੇ। ਸ਼ਿਵਬਾਬਾ ਸਾਨੂੰ ਪੜ੍ਹਾ ਰਹੇ ਹਨ, ਇਹ ਖੁਸ਼ੀ ਕਿੰਨੀ ਰਹਿਣੀ ਚਾਹੀਦੀ ਹੈ। ਬੱਚੇ ਜਾਣਦੇ ਹਨ ਸ਼ਾਸਤਰ ਆਦਿ ਸਭ ਭਗਤੀ ਮਾਰਗ ਦੇ ਹਨ, ਇਹ ਸਦਗਤੀ ਦੇ ਲਈ ਨਹੀਂ ਹਨ। ਭਗਤੀ ਮਾਰਗ ਦੀ ਸਮਗਰੀ ਵੀ ਚਾਹੀਦੀ ਹੈ ਨਾ। ਅਥਾਹ ਸਮਗਰੀ ਹੈ। ਬਾਪ ਕਹਿੰਦੇ ਹਨ ਤੁਸੀਂ ਡਿੱਗਦੇ ਆਏ ਹੋ। ਕਿੰਨਾ ਦਰ - ਦਰ ਭਟਕਦੇ ਹੋ। ਹੁਣ ਤੁਸੀਂ ਸ਼ਾਂਤ ਹੋਕੇ ਬੈਠੇ ਹੋ। ਤੁਹਾਡਾ ਧੱਕਾ ਖਾਣਾ ਸਭ ਛੁੱਟ ਗਿਆ। ਜਾਣਦੇ ਹੋ ਬਾਕੀ ਥੋੜਾ ਸਮੇਂ ਹੈ, ਆਤਮਾ ਨੂੰ ਪਵਿੱਤਰ ਬਣਾਉਣ ਲਈ ਬਾਪ ਹੀ ਰਸਤਾ ਦੱਸਦੇ ਹਨ। ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਸੀਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ ਜਾਓਗੇ ਫਿਰ ਸਤੋਪ੍ਰਧਾਨ ਦੁਨੀਆਂ ਵਿੱਚ ਜਾਕੇ ਰਾਜ ਕਰੋਗੇ। ਇਹ ਰਸਤਾ ਕਲਪ - ਕਲਪ ਅਨੇਕ ਵਾਰੀ ਬਾਪ ਨੇ ਆਕੇ ਦੱਸਿਆ ਹੈ। ਫਿਰ ਆਪਣੀ ਅਵਸਥਾ ਨੂੰ ਵੇਖਣਾ ਹੈ, ਸਟੂਡੈਂਟਸ ਪੁਰਸ਼ਾਰਥ ਨਾਲ ਆਪਣੇ ਨੂੰ ਹੁਸ਼ਿਆਰ ਬਣਾਉਂਦੇ ਹਨ ਨਾ। ਪੜ੍ਹਾਈ ਦਾ ਵੀ ਰਜਿਸਟਰ ਹੁੰਦਾ ਹੈ ਤਾਂ ਚਲਣ ਦਾ ਵੀ ਰਜਿਸਟਰ ਹੁੰਦਾ ਹੈ। ਇੱਥੇ ਤੁਹਾਨੂੰ ਵੀ ਦੈਵੀਗੁਣ ਧਾਰਨ ਕਰਨੇ ਹਨ। ਰੋਜ ਪੋਤਾਮੇਲ ਰੱਖਣ ਨਾਲ ਬਹੁਤ ਉੱਨਤੀ ਹੋਵੇਗੀ - ਅੱਜ ਸਾਰਾ ਦਿਨ ਕੋਈ ਆਸੁਰੀ ਕੰਮ ਤੇ ਨਹੀਂ ਕੀਤਾ? ਸਾਨੂੰ ਤਾਂ ਦੇਵਤਾ ਬਣਨਾ ਹੈ। ਲਕਸ਼ਮੀ - ਨਾਰਾਇਣ ਦਾ ਚਿੱਤਰ ਸਾਹਮਣੇ ਰੱਖਿਆ ਹੈ। ਕਿੰਨਾ ਸਿੰਪਲ ਚਿੱਤਰ ਹੈ। ਉੱਪਰ ਵਿੱਚ ਸ਼ਿਵਬਾਬਾ ਹਨ। ਪ੍ਰਜਾਪਿਤਾ ਬ੍ਰਹਮਾ ਦੇ ਰਾਹੀਂ ਇਹ ਵਰਸਾ ਦਿੰਦੇ ਹਨ ਤਾਂ ਜਰੂਰ ਸੰਗਮਯੁੱਗ ਤੇ ਬ੍ਰਹਮਾਣ - ਬ੍ਰਹਮਣੀਆਂ ਹੋਣਗੇ ਨਾ। ਦੇਵਤਾ ਹੁੰਦੇ ਹਨ ਸਤਿਯੁਗ ਵਿੱਚ। ਬ੍ਰਾਹਮਣ ਹਨ ਸੰਗਮ ਵਿੱਚ। ਕਲਿਯੁਗ ਵਿੱਚ ਹਨ ਸ਼ੂਦ੍ਰ ਵਰਨ ਵਾਲੇ। ਵਿਰਾਟ ਰੂਪ ਵੀ ਬੁੱਧੀ ਵਿੱਚ ਧਾਰਨ ਕਰੋ। ਹੁਣ ਅਸੀਂ ਹਾਂ ਬ੍ਰਾਹਮਣ ਚੋਟੀ, ਫਿਰ ਦੇਵਤਾ ਬਣਾਂਗੇ। ਬਾਪ ਬ੍ਰਾਹਮਣਾ ਨੂੰ ਪੜ੍ਹਾ ਰਹੇ ਹਨ ਦੇਵਤਾ ਬਣਨ ਲਈ। ਤਾਂ ਦੈਵੀ ਗੁਣ ਵੀ ਧਾਰਨ ਕਰਨੇ ਹਨ, ਇਨ੍ਹਾਂ ਮਿੱਠਾ ਬਣਨਾ ਹੈ। ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ। ਜਿਸ ਤਰ੍ਹਾਂ ਸ਼ਰੀਰ ਨਿਰਵਾਹ ਦੇ ਲਈ ਕੋਈ ਨਾ ਕੋਈ ਕੰਮ ਕੀਤਾ ਜਾਂਦਾ ਹੈ, ਉਂਝ ਇੱਥੇ ਵੀ ਯਗ ਸਰਵਿਸ ਕਰਨੀ ਹੈ। ਕੋਈ ਬਿਮਾਰ ਹੈ, ਸਰਵਿਸ ਨਹੀਂ ਕਰਦੇ ਹਨ ਤਾਂ ਉਨ੍ਹਾਂ ਦੀ ਫਿਰ ਸਰਵਿਸ ਕਰਨੀ ਪੈਂਦੀ ਹੈ। ਸਮਝੋ ਕੋਈ ਬਿਮਾਰ ਹੈ, ਸ਼ਰੀਰ ਛੱਡ ਦਿੰਦੇ ਹਨ, ਤੁਹਾਨੂੰ ਦੁੱਖੀ ਹੋਣ ਜਾਂ ਰੋਣ ਦੀ ਗੱਲ ਨਹੀਂ ਹੈ। ਤੁਹਾਨੂੰ ਤਾਂ ਬਿਲਕੁਲ ਹੀ ਸ਼ਾਂਤੀ ਵਿੱਚ ਬਾਬਾ ਦੀ ਯਾਦ ਵਿੱਚ ਰਹਿਣਾ ਹੈ। ਕੋਈ ਆਵਾਜ਼ ਨਹੀਂ। ਉਹ ਤਾਂ ਸਮਸ਼ਾਨ ਵਿੱਚ ਲੈ ਜਾਂਦੇ ਹਨ ਤਾਂ ਆਵਾਜ ਕਰਦੇ ਹਨ ਰਾਮ ਨਾਮ ਸੰਗ ਹੈ। ਤੁਹਾਨੂੰ ਕੁੱਝ ਵੀ ਕਹਿਣਾ ਨਹੀਂ ਹੈ। ਤੁਸੀਂ ਸਾਈਲੈਂਸ ਵਿੱਚ ਵਿਸ਼ਵ ਤੇ ਜਿੱਤ ਪਾਉਂਦੇ ਹੋ।

ਉਨ੍ਹਾਂ ਦੀ ਹੈ ਸਾਇੰਸ ਤੁਹਾਡੀ ਹੈ ਸਾਈਲੈਂਸ।

ਤੁਸੀਂ ਬੱਚੇ ਗਿਆਨ ਅਤੇ ਵਿਗਿਆਨ ਦਾ ਵੀ ਅਸਲ ਅਰਥ ਜਾਣਦੇ ਹੋ। ਗਿਆਨ ਹੈ ਸਮਝ ਅਤੇ ਵਿਗਿਆਨ ਹੈ ਸਭ ਕੁਝ ਭੁੱਲ ਜਾਣਾ, ਗਿਆਨ ਤੋਂ ਵੀ ਪਰੇ। ਤਾਂ ਗਿਆਨ ਵੀ ਹੈ, ਵਿਗਿਆਨ ਵੀ ਹੈ। ਆਤਮਾ ਜਾਣਦੀ ਹੈ ਅਸੀਂ ਸ਼ਾਂਤੀਧਾਮ ਵਿੱਚ ਰਹਿਣ ਵਾਲੇ ਹਾਂ, ਫਿਰ ਗਿਆਨ ਵੀ ਹੈ। ਰੂਪ ਅਤੇ ਬਸੰਤ। ਬਾਬਾ ਵੀ ਰੂਪ ਬਸੰਤ ਹੈ ਨਾ। ਰੂਪ ਵੀ ਹੈ ਅਤੇ ਉਸ ਵਿੱਚ ਸਾਰੀ ਸ੍ਰਿਸ਼ਟੀ ਦਾ ਗਿਆਨ ਵੀ ਹੈ। ਉਨ੍ਹਾਂ ਨੇ ਵਿਗਿਆਨ ਭਵਨ ਨਾਮ ਵੀ ਰੱਖਿਆ ਹੈ। ਅਰਥ ਕੁੱਝ ਵੀ ਨਹੀਂ ਸਮਝਦੇ। ਤੁਸੀਂ ਬੱਚੇ ਸਮਝਦੇ ਹੋ ਇਸ ਸਮੇਂ ਸਾਇੰਸ ਨਾਲ ਦੁਖ ਵੀ ਹੈ ਤਾਂ ਸੁਖ ਵੀ ਹੈ। ਉੱਥੇ ਸੁੱਖ ਹੀ ਸੁਖ ਹੈ। ਇੱਥੇ ਹੈ ਅਲਪਕਾਲ ਦਾ ਸੁਖ। ਬਾਕੀ ਤੇ ਦੁਖ ਹੀ ਦੁਖ ਹੈ। ਘਰ ਵਿੱਚ ਮਨੁੱਖ ਕਿੰਨੇ ਦੁਖੀ ਰਹਿੰਦੇ ਹਨ। ਸਮਝਦੇ ਹਨ ਕਿ ਕਦੋ ਮਰੀਏ ਤਾਂ ਇਸ ਦੁਖ ਦੀ ਦੁਨੀਆਂ ਤੋਂ ਛੁੱਟੀਏ। ਤੁਸੀਂ ਬੱਚੇ ਜਾਣਦੇ ਹੋ ਬਾਬਾ ਆਇਆ ਹੋਇਆ ਹੈ ਸਾਨੂੰ ਸਵਰਗਵਾਸੀ ਬਣਾਉਣ। ਕਿੰਨਾ ਗਦਗਦ ਹੋਣਾ ਚਾਹੀਦਾ ਹੈ। ਕਲਪ - ਕਲਪ ਬਾਬਾ ਸਾਨੂੰ ਸਵਰਗਵਾਸੀ ਬਣਾਉਣ ਆਉਂਦੇ ਹਨ। ਤਾਂ ਅਜਿਹੇ ਬਾਬਾ ਦੀ ਮਤ ਤੇ ਚੱਲਣਾ ਚਾਹੀਦਾ ਹੈ।

ਬਾਬਾ ਕਹਿੰਦੇ ਹਨ - ਮਿੱਠੇ ਬੱਚੇ, ਕਦੀ ਕਿਸੇ ਨੂੰ ਦੁਖ ਨਾ ਦੇਵੋ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਪਵਿੱਤਰ ਬਣੋ। ਅਸੀਂ ਭਰਾ - ਭੈਣ ਹਾਂ। ਇਹ ਹੈ ਪਿਆਰ ਦਾ ਨਾਤਾ। ਹੋਰ ਕੋਈ ਦ੍ਰਿਸ਼ਟੀ ਜਾ ਨਹੀਂ ਸਕਦੀ। ਹਰ ਇੱਕ ਦੀ ਬਿਮਾਰੀ ਆਪਣੀ - ਆਪਣੀ ਹੈ, ਉਸ ਅਨੁਸਾਰ ਰਾਏ ਵੀ ਦਿੰਦੇ ਹਨ। ਪੁੱਛਦੇ ਹਨ ਬਾਬਾ ਇਹ - ਇਹ ਹਾਲਤ ਹੁੰਦੀ ਹੈ, ਇਸ ਹਾਲਤ ਵਿੱਚ ਕੀ ਕਰੀਏ? ਬਾਬਾ ਸਮਝਾਉਂਦੇ ਹਨ ਭਰਾ - ਭੈਣ ਦੀ ਦ੍ਰਿਸ਼ਟੀ ਖਰਾਬ ਨਹੀਂ ਹੋਣੀ ਚਾਹੀਦੀ ਹੈ। ਕੋਈ ਵੀ ਝਗੜਾ ਨਾ ਹੋਵੇ। ਮੈਂ ਤੁਸੀਂ ਆਤਮਾਵਾਂ ਦਾ ਬਾਪ ਹਾਂ। ਸ਼ਿਵਬਾਬਾ ਬ੍ਰਹਮਾ ਤਨ ਦੇ ਨਾਲ ਬੋਲ ਰਹੇ ਹਨ। ਪ੍ਰਜਾਪਿਤਾ ਬ੍ਰਹਮਾ ਬੱਚਾ ਹੋਇਆ ਸ਼ਿਵਬਾਬਾ ਦਾ, ਸਾਧਾਰਨ ਤਨ ਵਿੱਚ ਹੀ ਆਉਂਦੇ ਹਨ ਨਾ। ਵਿਸ਼ਨੂੰ ਤੇ ਹੋਇਆ ਸਤਿਯੁਗ ਦਾ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਵਿੱਚ ਪ੍ਰਵੇਸ਼ ਕਰਕੇ ਨਵੀਂ ਦੁਨੀਆਂ ਰਚਨ ਲਈ ਆਉਂਦਾ ਹਾਂ। ਬਾਬਾ ਪੁੱਛਦੇ ਹਨ ਤੁਸੀਂ ਵਿਸ਼ਵ ਦੇ ਮਹਾਰਾਜਾ - ਮਹਾਰਾਣੀ ਬਣੋਗੇ? ਹਾਂ ਬਾਬਾ, ਕਿਉਂ ਨਹੀਂ ਬਣਾਂਗੇ। ਹਾਂ, ਇਸ ਵਿੱਚ ਪਵਿੱਤਰ ਰਹਿਣਾ ਪਵੇ। ਇਹ ਤਾਂ ਮੁਸ਼ਕਿਲ ਹੈ। ਅਰੇ, ਤੁਹਾਨੂੰ ਵਿਸ਼ਵ ਦਾ ਮਲਿਕ ਬਣਾਉਂਦੇ ਹਾਂ, ਤੁਸੀਂ ਪਵਿੱਤਰ ਨਹੀਂ ਰਹਿ ਸਕਦੇ ਹੋ? ਲੱਜਾ ਨਹੀਂ ਆਉਂਦੀ ਹੈ? ਲੌਕਿਕ ਬਾਪ ਵੀ ਸਮਝਾਉਂਦੇ ਹਨ ਨਾ - ਗੰਦਾ ਕੰਮ ਨਾ ਕਰੋ। ਇਸ ਵਿਕਾਰ ਨਾਲ ਹੀ ਵਿਘਨ ਪੈਂਦੇ ਹਨ। ਸ਼ੁਰੂ ਤੋਂ ਲੈ ਕੇ ਇਸ ਤੇ ਹੰਗਾਮਾ ਚਲਦਾ ਆਇਆ ਹੈ। ਬਾਪ ਕਹਿੰਦੇ ਹਨ - ਮਿੱਠੇ ਬੱਚਿਓ, ਇਸ ਤੇ ਜਿੱਤ ਪਾਉਣੀ ਹੈ। ਮੈਂ ਆਇਆ ਹਾਂ ਪਵਿੱਤਰ ਬਣਾਉਣ। ਤੁਸੀਂ ਬੱਚਿਆਂ ਨੂੰ ਰਾਈਟ ਰੋਂਗ, ਚੰਗਾ ਬੁਰਾ ਸੋਚਣ ਦੀ ਬੁੱਧੀ ਮਿਲੀ ਹੈ। ਇਹ ਲਕਸ਼ਮੀ - ਨਾਰਾਇਣ ਹੈ ਏਮ ਆਬਜੈਕਟ। ਸਵਰਗ ਵਾਸੀਆਂ ਵਿੱਚ ਦੈਵੀ ਗੁਣ ਹਨ, ਨਰਕਵਾਸੀਆਂ ਵਿੱਚ ਅਵਗੁਣ ਹਨ। ਹੁਣ ਰਾਮਰਾਜ ਹੈ, ਇਹ ਵੀ ਕੋਈ ਸਮਝ ਨਹੀਂ ਸਕਦੇ। ਰਾਵਨ ਨੂੰ ਵੀ ਹਰ ਵਰ੍ਹੇ ਸਾੜ੍ਹਦੇ ਹਨ। ਦੁਸ਼ਮਣ ਹੈ ਨਾ। ਸਾੜ੍ਹਦੇ ਹੀ ਆਉਂਦੇ ਹਨ। ਸਮਝਦੇ ਨਹੀਂ ਕਿ ਇਹ ਹੈ ਕੌਣ? ਅਸੀਂ ਸਭ ਰਾਵਨਰਾਜ ਦੇ ਹਾਂ ਨਾ, ਤਾਂ ਜਰੂਰ ਅਸੀਂ ਅਸੁਰ ਹੋਏ। ਪਰ ਆਪਣੇ ਨੂੰ ਕੋਈ ਅਸੁਰ ਸਮਝਦੇ ਨਹੀਂ। ਬਹੁਤ ਕਹਿੰਦੇ ਵੀ ਹਨ ਇਹ ਅਸੁਰ ਰਾਜ ਹੈ। ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ। ਪਰ ਇੰਨੀ ਵੀ ਸਮਝ ਨਹੀਂ। ਬਾਪ ਬੈਠ ਸਮਝਾਉਂਦੇ ਹਨ। ਰਾਮ ਰਾਜ ਵੱਖ ਹੁੰਦਾ ਹੈ। ਹੁਣ ਤੁਸੀਂ ਸਰਵ ਗੁਣ ਸੰਪੰਨ ਬਣ ਰਹੇ ਹੋ। ਬਾਪ ਕਹਿੰਦੇ ਹਨ ਮੇਰੇ ਭਗਤਾਂ ਨੂੰ ਗਿਆਨ ਸੁਣਾਓ, ਜੋ ਮੰਦਿਰਾਂ ਵਿੱਚ ਜਾਕੇ ਦੇਵਤਾਵਾਂ ਦੀ ਪੂਜਾ ਕਰਦੇ ਹਨ। ਬਾਕੀ ਅਜਿਹੇ - ਅਜਿਹੇ ਆਦਮੀਆਂ ਨਾਲ ਮੱਥਾ ਨਹੀਂ ਮਾਰੋ। ਮੰਦਿਰ ਵਿੱਚ ਤੁਹਾਨੂੰ ਬਹੁਤ ਭਗਤ ਮਿਲਣਗੇ। ਨਬਜ਼ ਵੀ ਦੇਖਣੀ ਹੁੰਦੀ ਹੈ। ਡਾਕਟਰ ਲੋਕ ਦੇਖਣ ਨਾਲ ਹੀ ਝੱਟ ਦੱਸ ਦਿੰਦੇ ਹਨ ਕਿ ਇਸਨੂੰ ਕੀ ਬਿਮਾਰੀ ਹੈ। ਦੇਹਲੀ ਵਿੱਚ ਇੱਕ ਅਜਮਲਖਾਂ ਵੈਦ ਮਸ਼ਹੂਰ ਸੀ। ਬਾਪ ਵੀ ਤੁਹਾਨੂੰ 21 ਜਨਮਾਂ ਲਈ ਏਵਰ ਹੈਲਦੀ, ਵੇਲਦੀ ਬਣਾਉਂਦੇ ਹਨ। ਇੱਥੇ ਤਾਂ ਹਨ ਸਭ ਰੋਗੀ, ਅਨਹੇਲਦੀ। ਉੱਥੇ ਤਾਂ ਕਦੀ ਰੋਗ ਹੁੰਦੇ ਨਹੀਂ । ਤੁਸੀਂ ਏਵਰਹੈਲਦੀ, ਏਵਰਵੇਲਦੀ ਬਣਦੇ ਹੋ। ਤੁਸੀਂ ਆਪਣੇ ਯੋਗਬਲ ਨਾਲ ਕਰਮ ਇੰਦ੍ਰਿਆਂ ਤੇ ਜਿੱਤ ਪਾ ਲੈਂਦੇ ਹੋ। ਤੁਹਾਨੂੰ ਇਹ ਕਰਮ ਇੰਦਰੀਆਂ ਕਦੀ ਧੋਖਾ ਦੇ ਨਹੀਂ ਸਕਦੀਆਂ। ਬਾਬਾ ਨੇ ਸਮਝਾਇਆ ਹੈ ਯਾਦ ਵਿੱਚ ਚੰਗੀ ਤਰ੍ਹਾਂ ਰਹੋ, ਦੇਹੀ - ਅਭਿਮਾਨੀ ਰਹੋ ਤਾਂ ਕਰਮ ਇੰਦਰੀਆਂ ਕਦੀ ਧੋਖਾ ਨਹੀਂ ਦੇਣਗੀਆਂ। ਇੱਥੇ ਹੀ ਤੁਸੀਂ ਵਿਕਾਰਾਂ ਤੇ ਜਿੱਤ ਪਾਉਂਦੇ ਹੋ। ਉੱਥੇ ਕੁਦ੍ਰਿਸ਼ਟੀ ਹੁੰਦੀ ਨਹੀਂ। ਰਾਵਨਰਾਜ ਹੀ ਨਹੀਂ। ਉਹ ਹੈ ਹੀ ਅਹਿੰਸਕ ਦੇਵੀ- ਦੇਵਤਾਵਾਂ ਦਾ ਧਰਮ। ਲੜਾਈ ਆਦਿ ਦੀ ਕੋਈ ਗੱਲ ਨਹੀਂ। ਇਹ ਲੜਾਈ ਵੀ ਅੰਤਿਮ ਲੱਗਣੀ ਹੈ, ਇਸ ਨਾਲ ਸਵਰਗ ਦੇ ਦਵਾਰ ਖੁਲ੍ਹਦੇ ਹਨ। ਫਿਰ ਲੜਾਈ ਕਦੀ ਲਗਦੀ ਹੀ ਨਹੀ। ਯਗ ਵੀ ਇਹ ਲਾਸ੍ਟ ਹੈ। ਫਿਰ ਅਧਾਕਲਪ ਕੋਈ ਯਗ ਹੋਵੇਗਾ ਨਹੀਂ। ਇਸ ਵਿੱਚ ਸਾਰਾ ਕਿਚੜਾ ਸਵਾਹਾ ਹੋ ਜਾਂਦਾ ਹੈ। ਇਸ ਯਗ ਨਾਲ ਹੀ ਵਿਨਾਸ਼ ਜਵਾਲਾ ਨਿਕਲਣੀ ਹੈ, ਸਾਰੀ ਸਫਾਈ ਹੋ ਜਾਏਗੀ। ਫਿਰ ਤੁਹਾਨੂੰ ਬੱਚਿਆਂ ਨੂੰ ਵੀ ਸਾਖਸ਼ਤਕਾਰ ਵੀ ਕਰਾਇਆ ਗਿਆ ਹੈ, ਉੱਥੇ ਦੇ ਸੂਬੀ ਰਸ ਆਦਿ ਵੀ ਬਹੁਤ ਸਵਾਦ ਫਸਟਕਲਾਸ ਚੀਜ਼ਾਂ ਹੁੰਦੀਆਂ ਹਨ। ਉਸ ਰਾਜ ਦੀ ਹੁਣ ਤੁਸੀਂ ਸਥਾਪਨਾ ਕਰ ਰਹੇ ਹੋ ਤਾਂ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ।

ਤੁਹਾਡਾ ਨਾਮ ਹੈ ਸ਼ਿਵ ਸ਼ਕਤੀ ਭਾਰਤ ਮਾਤਾਵਾਂ। ਸ਼ਿਵ ਤੋ ਤੁਸੀਂ ਸ਼ਕਤੀ ਲੈਂਦੇ ਹੋ ਸਿਰਫ ਯਾਦ ਨਾਲ। ਧੱਕੇ ਖਾਣ ਦੀ ਕੋਈ ਗੱਲ ਨਹੀਂ । ਉਹ ਸਮਝਦੇ ਹਨ ਜੋ ਭਗਤੀ ਨਹੀਂ ਕਰਦੇ ਹਨ ਉਹ ਨਾਸਤਿਕ ਹਨ। ਤੁਸੀਂ ਕਹਿੰਦੇ ਹੋ ਜੋ ਬਾਪ ਤੇ ਰਚਨਾ ਨੂੰ ਨਹੀਂ ਜਾਣਦੇ ਹਨ ਉਹ ਨਾਸਤਿਕ ਹਨ, ਤੁਸੀਂ ਹੁਣ ਆਸਤਿਕ ਬਣੇ ਹੋ। ਤ੍ਰਿਕਾਲਦਰਸ਼ੀ ਵੀ ਬਣੇ ਹੋ। ਤਿੰਨਾਂ ਲੋਕਾਂ, ਤਿੰਨਾਂ ਕਾਲਾ ਨੂੰ ਜਾਣ ਗਏ ਹੋ। ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਬਾਪ ਕੋਲੋ ਵਰਸਾ ਮਿਲਿਆ ਹੈ। ਹੁਣ ਤੁਸੀਂ ਉਹ ਬਣਦੇ ਹੋ। ਇਹ ਸਭ ਗੱਲਾਂ ਬਾਪ ਹੀ ਸਮਝਾਉਂਦੇ ਹਨ। ਸ਼ਿਵਬਾਬਾ ਖ਼ੁਦ ਕਹਿੰਦੇ ਹਨ ਕਿ ਮੈ ਇਨ੍ਹਾਂ ਵਿੱਚ ਆਕੇ ਪ੍ਰਵੇਸ਼ ਕਰ ਸਮਝਾਉਂਦਾ ਹਾਂ। ਨਹੀਂ ਤਾਂ ਮੈਂ ਨਿਰਾਕਾਰ ਕਿਵੇਂ ਸਮਝਾਵਾਂ। ਪ੍ਰੇਰਣਾ

ਨਾਲ ਪੜ੍ਹਾਈ ਹੁੰਦੀ ਹੈ ਕੀ? ਪੜ੍ਹਾਉਣ ਲਈ ਤਾਂ ਮੁੱਖ ਚਾਹੀਦਾ ਹੈ ਨਾ । ਗਊ ਮੁੱਖ ਤਾਂ ਇਹ ਹੈ ਨਾ। ਇਹ ਵੱਡੀ ਮੰਮਾ ਹੈ ਨਾ, ਹਿਊਮਨ ਮਾਤਾ ਹੈ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਰਾਹੀਂ ਤੁਸੀਂ ਬੱਚਿਆਂ ਨੂੰ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਰਾਜ ਸਮਝਾਉਂਦਾ ਹਾਂ, ਯੁਕਤੀ ਦੱਸਦਾ ਹਾਂ। ਇਸ ਵਿੱਚ ਅਸ਼ੀਰਵਾਦ ਦੀ ਕੋਈ ਗੱਲ ਨਹੀਂ। ਡਾਇਰੈਕਸ਼ਨ ਤੇ ਚੱਲਣਾ ਹੈ। ਸ਼੍ਰੀਮਤ ਮਿਲਦੀ ਹੈ। ਕਿਰਪਾ ਦੀ ਗੱਲ ਨਹੀਂ। ਕਹਿੰਦੇ ਹਨ - ਬਾਬਾ ਘੜੀ - ਘੜੀ ਭੁੱਲ ਜਾਂਦਾ ਹੈ, ਕਿਰਪਾ ਕਰੋ। ਅਰੇ, ਇਹ ਤਾਂ ਤੁਹਾਡਾ ਕੰਮ ਹੈ ਯਾਦ ਕਰਨਾ। ਮੈਂ ਕੀ ਕ੍ਰਿਪਾ ਕਰਾਂਗਾ। ਮੇਰੇ ਲਈ ਤਾਂ ਸਭ ਬੱਚੇ ਹਨ। ਕ੍ਰਿਪਾ ਕਰਾਂ ਤੇ ਸਭ ਤਖ਼ਤ ਤੇ ਬੈਠ ਜਾਣ। ਪਦਵੀ ਤੇ ਪੜ੍ਹਾਈ ਅਨੁਸਾਰ ਪਾਉਣਗੇ। ਪੜ੍ਹਨਾ ਤੇ ਤੁਹਾਨੂੰ ਹੈ ਨਾ। ਪੁਰਸ਼ਾਰਥ ਕਰਦੇ ਰਹੋ। ਮੋਸਟ ਬਿਲਵਡ ਬਾਪ ਨੂੰ ਯਾਦ ਕਰਨਾ ਹੈ। ਪਤਿਤ ਆਤਮਾ ਵਾਪਿਸ ਜਾ ਨਹੀਂ ਸਕਦੀ। ਬਾਪ ਕਹਿੰਦੇ ਹਨ ਜਿਨ੍ਹਾਂ ਤੁਸੀਂ ਯਾਦ ਕਰੋਗੇ ਤਾਂ ਯਾਦ ਕਰਦੇ - ਕਰਦੇ ਪਾਵਨ ਬਣ ਜਾਓਗੇ। ਪਾਵਨ ਆਤਮਾ ਇੱਥੇ ਰਹਿ ਨਹੀਂ ਸਕਦੀ। ਪਵਿੱਤਰ ਬਣੇ ਤਾਂ ਸ਼ਰੀਰ ਨਵਾਂ ਚਾਹੀਦਾ ਹੈ। ਪਵਿੱਤਰ ਆਤਮਾ ਨੂੰ ਸ਼ਰੀਰ ਇਮਪੋਇਰ ਮਿਲੇ, ਇਹ ਲਾਅ ਨਹੀਂ। ਸੰਨਿਆਸੀ ਵੀ ਵਿਕਾਰ ਨਾਲ ਜਨਮ ਲੈਂਦੇ ਹਨ ਨਾ। ਇਹ ਦੇਵਤੇ ਵਿਕਾਰ ਨਾਲ ਜਨਮ ਨਹੀਂ ਲੈਂਦੇ, ਫਿਰ ਸੰਨਿਆਸ ਕਰਨਾ ਪਵੇ। ਇਹ ਤਾਂ ਉੱਚ ਠਹਿਰੇ ਨਾ। ਸੱਚੇ - ਸੱਚੇ ਮਹਾਤਮਾ ਇਹ ਹਨ ਜੋ ਹਮੇਸ਼ਾ ਸੰਪੂਰਨ ਨਿਰਵਿਕਾਰੀ ਹਨ। ਉੱਥੇ ਰਾਵਨ ਰਾਜ ਹੈ ਨਹੀਂ। ਹੈ ਹੀ ਸਤੋਪ੍ਰਧਾਨ ਰਾਮ ਰਾਜ। ਅਸਲ ਵਿੱਚ ਰਾਮ ਵੀ ਕਹਿਣਾ ਨਹੀਂ ਚਾਹੀਦਾ ਹੈ। ਸ਼ਿਵਬਾਬਾ ਹੈ ਨਾ। ਇਸਨੂੰ ਕਿਹਾ ਜਾਂਦਾ ਹੈ ਰਾਜਸਵ ਅਸ਼੍ਵਮੇਘ ਅਵਿਨਾਸ਼ੀ ਰੁਦ੍ਰ ਗਿਆਨ ਯਗ। ਰੁਦ੍ਰ ਅਤੇ ਸ਼ਿਵ ਇੱਕ ਹੀ ਹਨ । ਕ੍ਰਿਸ਼ਨ ਦਾ ਤੇ ਨਾਮ ਹੀ ਨਹੀਂ ਹੈ। ਸ਼ਿਵਬਾਬਾ ਆਕੇ ਗਿਆਨ ਸੁਣਾਉਂਦੇ ਹਨ ਉਹ ਫਿਰ ਰੁਦ੍ਰ ਯਗ ਰੱਚਦੇ ਹਨ ਤਾਂ ਮਿਟੀ ਦਾ ਲਿੰਗ ਅਤੇ ਸਾਲੀਗ੍ਰਾਮ ਬਣਾਉਂਦੇ ਹਨ। ਪੂਜਾ ਕਰ ਫਿਰ ਤੋੜ ਦਿੰਦੇ ਹਨ। ਜਿਸ ਤਰ੍ਹਾਂ ਬਾਬਾ ਦੇਵੀਆਂ ਦਾ ਮਿਸਾਲ ਦੱਸਦੇ ਹਨ। ਦੇਵੀਆਂ ਨੂੰ ਸਜਾ ਕੇ ਖਿਲਾ ਪਿਲਾ ਕੇ ਪੂਜਾ ਕਰ ਫਿਰ ਡੋਬ ਦਿੰਦੇ ਹਨ। ਉਵੇਂ ਸ਼ਿਵਬਾਬਾ ਅਤੇ ਸਾਲੀਗ੍ਰਾਮਾਂ ਦੀ ਬੜੇ ਪਿਆਰ ਅਤੇ ਸ਼ੁੱਧੀ ਨਾਲ ਪੂਜਾ ਕਰ ਫਿਰ ਖਲਾਸ ਕਰ ਦਿੰਦੇ ਹਨ। ਇਹ ਹੈ ਸਾਰਾ ਭਗਤੀ ਦਾ ਵਿਸਤਾਰ। ਹੁਣ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਜਿਨ੍ਹਾਂ ਬਾਪ ਦੀ ਯਾਦ ਵਿੱਚ ਰਹੋਗੇ ਉਨ੍ਹਾਂ ਖੁਸ਼ੀ ਵਿੱਚ ਰਹੋਗੇ। ਰਾਤ ਨੂੰ ਰੋਜ਼ ਆਪਣਾ ਪੋਤਾ ਮੇਲ ਦੇਖਣਾ ਚਾਹੀਦਾ ਹੈ। ਕੁੱਝ ਭੁੱਲ ਤੇ ਨਹੀਂ ਕੀਤੀ? ਆਪਣਾ ਕੰਨ ਫੜ ਲੈਣਾ ਚਾਹੀਦਾ ਹੈ। - ਬਾਬਾ ਅੱਜ ਸਾਡੇ ਕੋਲੋਂ ਇਹ ਭੁੱਲ ਹੋ ਗਈ, ਸ਼ਮਾ ਕਰਨਾ। ਬਾਬਾ ਕਹਿੰਦੇ ਹਨ ਸੱਚ ਲਿਖੋਗੇ ਤਾਂ ਤੁਹਾਡਾ ਅੱਧਾ ਪਾਪ ਕੱਟ ਜਾਵੇਗਾ। ਬਾਪ ਤਾਂ ਬੈਠਾ ਹੈ ਨਾ। ਆਪਣਾ ਕਲਿਆਣ ਕਰਨਾ ਚਾਹੁੰਦੇ ਹੋ ਤਾ ਸ਼੍ਰੀਮਤ ਤੇ ਚੱਲੋ। ਪੋਤਾ ਮੇਲ ਰੱਖਣ ਨਾਲ ਬਹੁਤ ਉੱਨਤੀ ਹੋਵੇਗੀ। ਖ਼ਰਚਾ ਤੇ ਕੁਝ ਹੈ ਨਹੀਂ। ਉੱਚ ਪਦ ਪਾਉਣਾ ਹੈ ਤਾਂ ਮਨਸਾ - ਵਾਚਾ - ਕਰਮਨਾ ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ। ਕੋਈ ਕੁੱਝ ਕਹਿੰਦਾ ਹੈ ਤਾਂ ਸੁਣਾ - ਅਣਸੁਣਿਆ ਕਰ ਦੇਣਾ ਹੈ। ਇਹ ਮਿਹਨਤ ਕਰਨੀ ਹੈ। ਬਾਪ ਆਉਂਦੇ ਹੀ ਹਨ ਤੁਸੀਂ ਬੱਚਿਆਂ ਦਾ ਦੁੱਖ ਦੂਰ ਕਰ ਸਦਾ ਦੇ ਲਈ ਸੁੱਖ ਦੇਣ ਲਈ। ਤਾਂ ਬੱਚਿਆਂ ਨੂੰ ਵੀ ਅਜਿਹਾ ਬਣਨਾ ਹੈ। ਮੰਦਿਰਾਂ ਵਿੱਚ ਸਭ ਤੋਂ ਚੰਗੀ ਸਰਵਿਸ ਹੋਵੇਗੀ। ਉੱਥੇ ਰਿਲੀਜਿਅਸ ਮਾਇੰਡਿਡ ਤੁਹਾਨੂੰ ਬਹੁਤ ਮਿਲਣਗੇ। ਪ੍ਰਦਰਸ਼ਨੀ ਵਿੱਚ ਵੀ ਬਹੁਤ ਆਉਂਦੇ ਹਨ। ਪ੍ਰੋਜੈਕਟਰ ਨਾਲ ਵੀ ਪ੍ਰਦਰਸ਼ਨੀ ਮੇਲੇ ਵਿੱਚ ਸਰਵਿਸ ਚੰਗੀ ਹੁੰਦੀ ਹੈ। ਮੇਲੇ ਵਿੱਚ ਵੀ ਖ਼ਰਚ ਹੁੰਦਾ ਹੈ ਤੇ ਜਰੂਰ ਫਾਇਦਾ ਵੀ ਹੈ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਨੇ ਰਾਈਟ - ਰਾਂਗ ਨੂੰ ਸਮਝਣ ਦੀ ਬੁੱਧੀ ਦਿੱਤੀ ਹੈ, ਉਸੀ ਬੁੱਧੀ ਦੇ ਅਧਾਰ ਤੇ ਦੈਵੀਗੁਣ ਧਾਰਨ ਕਰਨੇ ਹਨ, ਕਿਸੇ ਨੂੰ ਵੀ ਦੁਖ ਨਹੀਂ ਦੇਣਾ ਹੈ, ਆਪਸ ਵਿੱਚ ਭਰਾ - ਭੈਣ ਦਾ ਸੱਚਾ ਪਿਆਰ ਹੋਵੇ, ਕਦੀ ਕੁਦ੍ਰਿਸ਼ਟੀ ਨਾ ਜਾਵੇ।

2. ਬਾਪ ਦੇ ਹਰ ਡਾਇਰੈਕਸ਼ਨ ਤੇ ਚੱਲ ਚੰਗੀ ਤਰ੍ਹਾਂ ਪੜ੍ਹ ਕੇ ਆਪਣੇ ਆਪ ਨੂੰ ਆਪ ਹੀ ਕ੍ਰਿਪਾ ਕਰਨੀ ਹੈ। ਆਪਣੀ ਉੱਨਤੀ ਦੇ ਲਈ ਪੋਤਾਮੇਲ ਰੱਖਣਾ ਹੈ, ਕੋਈ ਦੁਖ ਦੇਣ ਵਾਲੀ ਗੱਲ ਕਰਦਾ ਹੈ ਤਾਂ ਸੁਣੀ ਅਣਸੁਣੀ ਕਰ ਦੇਣਾ ਹੈ।

ਵਰਦਾਨ:- ਈਸ਼ਵਰੀ ਰਾਯਲਟੀ ਦੇ ਸੰਸਕਾਰ ਦਵਾਰਾ ਹਰ ਇੱਕ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਨ ਵਾਲੇ ਪੁੰਨ ਆਤਮਾ ਭਵ।

ਸਦਾ ਖੁਦ ਨੂੰ ਵਿਸ਼ੇਸ਼ ਆਤਮਾ ਸਮਝ ਹਰ ਸੰਕਲਪ ਅਤੇ ਕਰਮ ਅਤੇ ਹਰ ਇੱਕ ਵਿਚ ਵਿਸ਼ੇਸ਼ਤਾ ਵੇਖਣਾ, ਵਰਣਨ ਕਰਨਾ, ਸਰਵ ਦੇ ਪ੍ਰਤੀ ਵਿਸ਼ੇਸ਼ ਬਣਾਉਣ ਦੀ ਸ਼ੁਭ ਕਲਿਆਣ ਦੀ ਕਾਮਨਾ ਰੱਖਣਾ - ਇਹ ਹੀ ਈਸ਼ਵਰੀ ਰਾਯਲਟੀ ਹੈ। ਰਾਯਲ ਆਤਮਾਵਾਂ ਦੂਜੇ ਦ੍ਵਾਰਾ ਛੱਡਣ ਵਾਲੀ ਚੀਜ ਖੁਦ ਧਾਰਨ ਨਹੀਂ ਕਰ ਸਕਦੀ ਇਸਲਈ ਸਦਾ ਅਟੈਂਸ਼ਨ ਰਹੇ ਕਿ ਕਿਸੇ ਦੀ ਕਮਜੋਰੀ ਅਤੇ ਅਵਗੁਣ ਨੂੰ ਵੇਖਣ ਦਾ ਨੇਤ੍ਰ ਸਦਾ ਬੰਦ ਹੋਵੇ। ਇੱਕ ਦੋ ਦੇ ਗੁਣ ਗਾਇਨ ਕਰੋ, ਸਨੇਹ, ਸਹਿਯੋਗ ਦੇ ਪੁਸ਼ਪਾਂ ਦੀ ਲੈਣ - ਦੇਣ ਕਰੋ ਤਾਂ ਪੁੰਨ ਆਤਮਾ ਬਣ ਜਾਵੋਗੇ।

ਸਲੋਗਨ:- ਵਰਦਾਨ ਦੀ ਸ਼ਕਤੀ ਪ੍ਰਸਥਿਤੀ ਰੂਪੀ ਅੱਗ ਨੂੰ ਵੀ ਪਾਣੀ ਬਣਾ ਦਿੰਦੀ ਹੈ

******

ਅਵਿਅਕਤ ਇਸ਼ਾਰੇ **:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।**

ਨਿਰਾਕਾਰੀ ਸਵਰੂਪ ਦੀ ਮੁੱਖ ਸਿੱਖਿਆ ਦਾ ਵਰਦਾਨ ਹੈ “ ਕਰਮਾਤੀਤ ਭਵ” ਆਕਾਰੀ ਸਵਰੂਪ ਅਤੇ ਫਰਿਸ਼ਤਾਪਨ ਦਾ ਵਰਦਾਨ ਹੈ ਡਬਲ - ਲਾਈਟ ਭਵ! ਡਬਲ ਲਾਈਟ ਮਤਲਬ ਸਰਵ ਕਰਮ - ਬੰਧਨ ਤੋਂ ਹਲਕੇ ਅਤੇ ਲਾਈਟ ਮਤਲਬ ਸਦਾ ਪ੍ਰਕਾਸ਼ - ਸਵਰੂਪ ਵਿਚ ਸਥਿਤ ਰਹਿਣ ਵਾਲੇ। ਅਜਿਹੇ ਡਬਲ ਲਾਈਟ ਰਹਿਣ ਵਾਲੇ ਸਹਿਜ ਕਰਮਾਤੀਤ ਸਥਿਤੀ ਨੂੰ ਪ੍ਰਾਪਤ ਕਰ ਸਕਦੇ ਹਨ। ਤਾਂ ਸੇਵਾਵਾਂ ਵਿਚ ਆਉਂਦੇ ਹੁਣ ਇਹ ਧੁਨ ਲਗਾਓ ਕਿ ਮੈਨੂੰ ਸੰਪੰਨ ਅਤੇ ਕਰਮਾਤੀਤ ਬਣਨਾ ਹੀ ਹੈ।